An Oifig um Chosaint Idirnáisiúnta
International Protection Office

**ਬਿਨੈਕਾਰ ਦੇ ਆਚਰਨ ਸੰਬੰਧੀ ਕੋਡ**

ਤੁਹਾਡੇ ਅੰਤਰਰਾਸ਼ਟਰੀ ਸੁਰੱਖਿਆ

ਔਨਲਾਈਨ ਇੰਟਰਵਿਊ ਬਾਰੇ ਜਾਣਕਾਰੀ

ਤੁਸੀਂ ਇਸ ਸਟੇਟ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦਿੱਤੀ ਹੈ ਅਤੇ ਆਪਣੇ ਪ੍ਰਸ਼ਨਾਵਲੀ ਵਿੱਚ ਆਪਣੇ ਦਾਅਵੇ ਨਾਲ ਸੰਬੰਧਿਤ ਜਾਣਕਾਰੀ ਇਸ ਦਫ਼ਤਰ ਨੂੰ ਮੁਹੱਈਆ ਕਰਵਾਈ ਹੈ। ਅੰਤਰਰਾਸ਼ਟਰੀ ਸੁਰੱਖਿਆ ਦੀ ਆਨਲਾਈਨ ਇੰਟਰਵਿਊ ਦਾ ਮਕਸਦ ਤੁਹਾਡੇ ਦੁਆਰਾ ਪਹਿਲਾਂ ਦਿੱਤੀ ਗਈ ਜਾਣਕਾਰੀ ਅਤੇ ਇੰਟਰਵਿਊ ਦੌਰਾਨ ਦਿੱਤੀ ਜਾਣ ਵਾਲੀ ਜਾਣਕਾਰੀ ਦੇ ਆਧਾਰ 'ਤੇ ਤੁਹਾਡੇ ਦਾਅਵੇ ਦੀ ਪੂਰੀ ਵੇਰਵੇ ਨਾਲ ਜਾਂਚ ਕਰਨੀ ਹੈ। ਇਸ ਦੌਰਾਨ ਤੁਹਾਡੇ ਵੱਲੋਂ ਪ੍ਰਸ਼ਨਾਵਲੀ ਵਿੱਚ ਉਠਾਏ ਗਏ ਮੁੱਦਿਆਂ ਅਤੇ ਹੋਰ ਕਿਸੇ ਵੀ ਅਹੰਕਾਰਪੂਰਨ ਮਾਮਲੇ ਨਾਲ ਸੰਬੰਧਤ ਵਿਸਥਾਰ ਨਾਲ ਸਵਾਲ ਕੀਤੇ ਜਾਣਗੇ ਜਿਨ੍ਹਾਂ ਨੂੰ ਇੰਟਰਵਿਊਅਰ ਮਹੱਤਵਪੂਰਨ ਸਮਝਦਾ ਹੈ। ਜੇ ਤੁਹਾਨੂੰ ਕੋਈ ਸਵਾਲ ਸਮਝ ਨਾ ਆਏ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇੰਟਰਵਿਊਅਰ ਤੋਂ ਉਸ ਦੀ ਸਪਸ਼ਟੀਕਰਨ ਮੰਗੋ।

ਤੁਸੀਂ ਆਪਣੇ ਡਰ ਬਾਰੇ ਸਾਫ਼ ਅਤੇ ਸਪਸ਼ਟ ਢੰਗ ਨਾਲ ਵਿਆਖਿਆ ਕਰਨੀ ਚਾਹੀਦੀ ਹੈ ਅਤੇ ਆਪਣੀ ਖਾਸ ਸਥਿਤੀ ਨਾਲ ਸੰਬੰਧਿਤ ਸਾਰੀ ਜਾਣਕਾਰੀ ਅਤੇ ਵੇਰਵੇ ਪ੍ਰਦਾਨ ਕਰਨੇ ਚਾਹੀਦੇ ਹਨ। ਇਹ ਇੰਟਰਵਿਊ ਤੁਹਾਡੇ ਲਈ ਇਹ ਵਿਸਥਾਰ ਨਾਲ ਸਮਝਾਉਣ ਦਾ ਮੌਕਾ ਹੈ ਕਿ ਤੁਸੀਂ ਆਪਣੇ ਮੂਲ ਦੇਸ਼ ਵਾਪਸ ਜਾਣ ਤੋਂ ਕਿਉਂ ਡਰਦੇ ਹੋ।

ਤੁਹਾਡਾ **ਫ਼ਰਜ ਹੈ ਕਿ ਤੁਸੀਂ ਪੂਰੀ ਤਰ੍ਹਾਂ ਸਹਿਯੋਗ ਕਰੋ ਅਤੇ ਪੂਰੀ ਇਮਾਨਦਾਰੀ ਨਾਲ ਸਚ ਦੱਸੋ।** ਤੁਹਾਡੇ ਦਾਅਵੇ ਦੇ ਸੰਬੰਧਤ ਅਤੇ ਸੰਭਾਵੀ ਤੌਰ 'ਤੇ ਸੰਬੰਧਤ ਪੱਖਾਂ ਬਾਰੇ ਆਨਲਾਈਨ ਇੰਟਰਵਿਊ ਦਾ ਲਿਖਤੀ ਰਿਕਾਰਡ ਇੰਟਰਵਿਊਅਰ ਵੱਲੋਂ ਰੱਖਿਆ ਜਾਵੇਗਾ। ਇੰਟਰਵਿਊ ਦੌਰਾਨ ਇਹ ਰਿਕਾਰਡ ਤੁਹਾਨੂੰ ਵਾਪਸ ਪੜ੍ਹ ਕੇ ਸੁਣਾਇਆ ਜਾਵੇਗਾ ਅਤੇ ਇਸ ਉੱਤੇ ਮਿਤੀ ਅਤੇ ਸਮੇਂ ਦੀ ਮੋਹਰ ਲਾਈ ਜਾਵੇਗੀ। ਇਹ ਤੁਹਾਡੇ ਲਈ ਮੌਕਾ ਹੋਵੇਗਾ ਕਿ ਤੁਸੀਂ ਕੋਈ ਵੀ ਗਲਤ ਵੇਰਵਾ ਜਿਹਨੂੰ ਤੁਸੀਂ ਠੀਕ ਨਹੀਂ ਸਮਝਦੇ, ਉਸ ਦੀ ਸੁਧਾਰ ਕਰ ਸਕੋ। ਇੰਟਰਵਿਊ ਦੌਰਾਨ ਤੁਹਾਨੂੰ ਮੂੰਹਜਬਾਨ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਇੰਟਰਵਿਊ ਰਿਕਾਰਡ ਨਾਲ ਸਹਿਮਤ ਹੋ, ਅਤੇ ਇਹ ਰਿਕਾਰਡ ਉੱਤੇ ਮਿਤੀ ਅਤੇ ਸਮੇਂ ਸਮੇਤ ਦਰਜ ਕੀਤਾ ਜਾਵੇਗਾ। ਮਿਤੀ ਅਤੇ ਸਮੇਂ ਦੀ ਮੋਹਰ ਇਹ ਦਰਸਾਉਂਦੀ ਹੈ ਕਿ ਤੁਸੀਂ ਮੂੰਹਜਬਾਨ ਤੌਰ 'ਤੇ ਪੁਸ਼ਟੀ ਕੀਤੀ ਸੀ ਅਤੇ ਇਹ ਪੁਸ਼ਟੀ ਕਦੋਂ ਕੀਤੀ ਗਈ।

ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਕਿਸੇ ਵੀ ਸਥਿਤੀ ਵਿੱਚ ਉਸ ਦੇਸ਼ ਦੇ ਅਧਿਕਾਰੀਆਂ ਨਾਲ ਸੰਪਰਕ ਨਹੀਂ ਕਰੇਗਾ ਜਿਸ ਤੋਂ ਤੁਸੀਂ ਭੱਜ ਰਹੇ ਹੋ।

ਇੰਟਰਵਿਊ ਤੋਂ ਬਾਅਦ ਤੁਹਾਡੀ ਅਰਜ਼ੀ ਸੰਬੰਧੀ ਇਕ ਸਿਫ਼ਾਰਸ਼ ਤਿਆਰ ਕੀਤੀ ਜਾਵੇਗੀ ਅਤੇ ਜੇਕਰ ਉਹ ਸਿਫ਼ਾਰਸ਼ ਨਕਾਰਾਤਮਕ ਹੋਵੇ, ਤਾਂ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਅਪੀਲ ਟ੍ਰਾਈਬਿਊਨਲ ਵਿੱਚ ਅਪੀਲ ਕਰਨ ਦਾ ਮੌਕਾ ਮਿਲੇਗਾ।

**<u>ਇੰਟਰਪ੍ਰੇਟਰ ਦੀ ਭੂਮਿਕਾ</u>** : ਜੇ ਇੰਟਰਪ੍ਰੇਟਰ ਮੌਜੂਦ ਹੋਵੇ, ਤਾਂ ਉਹ ਇੰਟਰਵਿਊਅਰ ਦੇ ਸਵਾਲਾਂ ਅਤੇ ਤੁਹਾਡੇ ਜਵਾਬਾਂ ਦਾ ਸਹੀ ਅਨੁਵਾਦ ਕਰੇਗਾ। ਇੰਟਰਪ੍ਰੇਟਰ ਤੁਹਾਨੂੰ ਕੋਈ ਸਲਾਹ ਨਹੀਂ ਦੇਵੇਗਾ ਅਤੇ ਨਾਂ ਹੀ ਤੁਹਾਡੇ ਕੇਸ ਦੀ ਵਾਜਬਤਾ ਬਾਰੇ ਕੋਈ ਰਾਏ ਪ੍ਰਗਟ ਕਰੇਗਾ। ਇੰਟਰਪ੍ਰੇਟਰ ਨੂੰ ਇੰਟਰਵਿਊ ਦੀ ਗੋਪਨੀਯਤਾ ਦੀ ਪੂਰੀ ਜਾਣਕਾਰੀ ਹੁੰਦੀ ਹੈ ਅਤੇ ਉਹ ਇੰਟਰਵਿਊਅਰ ਰਾਹੀਂ ਇਲਾਵਾ ਤੁਹਾਡੇ ਨਾਲ ਕਿਸੇ ਹੋਰ ਤਰੀਕੇ ਨਾਲ ਗੱਲ ਨਹੀਂ ਕਰ ਸਕਦਾ।

**<u>ਕਾਨੂੰਨੀ ਨੁਮਾਇੰਦਾ</u>:** ਤੁਹਾਡਾ ਕਾਨੂੰਨੀ ਨੁਮਾਇੰਦਾ, ਜੇ ਮੌਜੂਦ ਹੋਵੇ, ਨੋਟਸ ਲੈ ਸਕਦਾ ਹੈ ਪਰ ਉਹ ਇੰਟਰਵਿਊ ਦੌਰਾਨ ਤੁਹਾਨੂੰ ਰੋਕ ਨਹੀਂ ਸਕਦਾ ਜਾਂ ਤੁਹਾਡੇ ਵਾਸਤੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦਾ। ਇੰਟਰਵਿਊ ਦੇ ਅਖੀਰ 'ਤੇ ਤੁਹਾਡੇ ਕਾਨੂੰਨੀ ਨੁਮਾਇੰਦੇ ਨੂੰ ਪੁੱਛਿਆ ਜਾਵੇਗਾ ਕਿ ਕੀ ਉਹ ਕੋਈ ਟਿੱਪਣੀ ਕਰਨਾ ਚਾਹੁੰਦਾ/ਚਾਹੁੰਦੀ ਹੈ।

ਤੁਹਾਨੂੰ ਇੰਟਰਵਿਊ ਦੀ ਸ਼ੁਰੂਆਤ 'ਤੇ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਇਹ ਦਸਤਾਵੇਜ਼ ਪੜ੍ਹ ਲਿਆ ਹੈ ਅਤੇ ਸਮਝ ਲਿਆ ਹੈ।

**ਬਿਨੈਕਾਰ ਦਾ ਨਾਂ:**

**ਸਹਿਮਤ ਮਿਤੀ: DD/MM/YYYY ਸਹਿਮਤ ਸਮਾਂ: DD/MM/YYYY**